## **ਪ੍ਰੈਸ ਨੋਟ ਮਿਤੀ-01.01.2024**

**ਬਠਿੰਡਾ ਪੁਲਿਸ ਵੱਲੋਂ ਮਾਰੂ ਹਥਿਆਰਾਂ ਨਾਲ ਲੈੱਸ ਹੋ ਕੇ ਰਾਹਗੀਰਾਂ ਦੀ ਕੁੱਟਮਾਰ ਕਰਕੇ ਲੁੱਟਾਂ ਖੋਹਾਂ ਕਰਨ ਵਾਲੇ 04 ਵਿਅਕਤੀਆਂ ਨੂੰ ਮਾਰੂ ਹਥਿਆਰ ਅਤੇ ਚੋਰੀਸ਼ੁਦਾ ਸਮਾਨ ਸਮੇਤ ਦਬੋਚਿਆ।**

ਬਠਿੰਡਾ ( ) ਮਾਣਯੋਗ ਸ਼੍ਰੀ ਗੌਰਵ ਯਾਦਵ ਆਈ.ਪੀ.ਐਸ, ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੁੱਟਾਂ ਖੋਹਾਂ ਕਰਨ ਵਾਲਿਆਂ ਅਤੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਸ਼੍ਰੀ ਹਰਮਨਬੀਰ ਸਿੰਘ ਗਿੱਲ, ਆਈ.ਪੀ.ਐਸ ਐਸ.ਐਸ.ਪੀ ਬਠਿੰਡਾ ਦੀ ਰਹਿਨੁਮਾਈ ਹੇਠ ਅਤੇ ਸ਼੍ਰੀ ਅਜੈ ਗਾਂਧੀ ਆਈ.ਪੀ.ਐਸ ਐਸ.ਪੀ ਡਿਟੈਕਟਿਵ ਬਠਿੰਡਾ ਦੀ ਨਿਗਰਾਨੀ ਵਿੱਚ ਲੁੱਟਾ ਖੋਹਾਂ ਕਰਨ ਵਾਲਿਆਂ ਅਤੇ ਸ਼ਰਾਰਤੀ ਅਨਸਰਾਂ ਤੇ ਨਜਰ ਰੱਖਣ ਲਈ ਸ਼ਹਿਰ ਦੇ ਵੱਖ-ਵੱਖ ਏਰੀਏ ਨੂੰ ਕਵਰ ਕਰਕੇ ਸ਼ੱਕੀ ਪੁਰਸ਼ਾਂ ਅਤੇ ਸ਼ੱਕੀ ਵਹੀਕਲ਼ਾਂ ਦੀ ਲਗਾਤਾਰ ਚੈਕਿੰਗ ਚੱਲਦੀਆਂ ਹਨ। ਸੀ.ਆਈ.ਏ. ਸਟਾਫ-2, ਬਠਿੰਡਾ ਨੂੰ ਉਸ ਸਮੇ ਸਫਲਤਾ ਮਿਲੀ ਜਦੋ ਮੁੱਖਬਰੀ ਦੇ ਅਧਾਰ ਤੇ ਗਰੋਥ ਸੈਂਟਰ ਬਠਿੰਡਾ ਤੋਂ ਗੁਰਵਿੰਦਰ ਸਿੰਘ ਉਰਫ ਡੈਵਿਲ, ਹਰਜਿੰਦਰ ਸਿੰਘ, ਹਰਵਿੰਦਰ ਸਿੰਘ ਉਰਫ ਮੋਟਾ, ਗੁਰਮੀਤ ਸਿੰਘ ਉਰਫ ਰਾਜੂ ਉਕਤਾਨ ਨੂੰ ਮਾਰੂ ਹਥਿਆਰਾਂ ਸਮੇਤ ਸ਼ੱਕੀ ਹਲਾਤਾਂ ਵਿੱਚ ਕਾਬੂ ਕੀਤਾ ਗਿਆ।

ਦੌਰਾਨੇ ਪੁੱਛਗਿੱਛ ਇਹ ਗੱਲ ਸਾਹਮਣੇ ਆਈ ਕਿ ਉਕਤਾਨ ਦੋਸ਼ੀਆਨ ਵੱਲੋਂ ਪਹਿਲਾਂ ਵੀ ਮਿਤੀ 09.12.2023 ਨੂੰ ਪਿੰਡ ਜੱਜਲ ਤੋਂ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਉਸ ਪਾਸੋਂ ਇੱਕ ਮੋਟਰਸਾਇਕਲ ਪਲੈਟਿਨਾ ਨੰਬਰੀ PB30E-3632, ਇੱਕ ਮੋਬਾਇਲ ਫੋਨ ਅਤੇ 1200 ਰੁਪਏ ਖੋਹ ਕਰਨ ਸਬੰਧੀ **ਮੁਕੱਦਮਾ ਨੰਬਰ 174 ਮਿਤੀ 31/12/2023 ਅ/ਧ 392,323,34,341 ਭਾ.ਦੰ. ਥਾਣਾ ਰਾਮਾਂ ਅਤੇ** ਮਿਤੀ 29.12.2023 ਨੂੰ ਪਿੰਡ ਭਾਗੀਵਾਂਦਰ ਤੋਂ ਵੀ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਉਸ ਪਾਸੋਂ ਇੱਕ ਮੋਟਰਸਾਇਕਲ ਪਲੈਟਿਨਾ ਨੰਬਰੀ PB31N-8922, ਇੱਕ ਮੋਬਾਇਲ ਫੋਨ ਅਤੇ 2500 ਰੁਪਏ ਨਕਦੀ ਖੋਹ ਕਰਨ ਸਬੰਧੀ **ਮੁਕੱਦਮਾ ਨੰਬਰ 280 ਮਿਤੀ 31/12/2023 ਅ/ਧ 392,323,34 ਭਾ.ਦੰ. ਥਾਣਾ ਤਲਵੰਡੀ ਸਾਬੋ ਅਤੇ ਦਰਜ ਰਜਿਸਟਰ ਕੀਤਾ ਗਿਆ ਸੀ।**

ਦੌਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਉਕਤਾਨ ਕਾਬੂ ਕੀਤੇ ਦੋਸ਼ੀਆਂਨ ਸਮੇਤ ਗੁਨੂੰ ਰਾਮ ਪੁੱਤਰ ਗੁਰਪ੍ਰੀਤ ਰਾਮ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਰਲ ਕੇ ਮਾਰੂ ਹਥਿਆਰਾਂ ਨਾਲ ਲੈੱਸ ਹੋ ਕੇ ਰਾਹਗੀਰਾਂ ਪਾਸੋਂ ਕੁੱਟਮਾਰ ਕਰਕੇ ਉਹਨਾਂ ਪਾਸੋਂ ਕੀਮਤੀ ਸਮਾਨ ਦੀ ਲੁੱਟ ਖੋਹ ਕਰਦੇ ਹਨ। ਉਕਤਾਨ ਸਾਰੇ ਦੋਸ਼ੀ ਵਾਰਦਾਤਾਂ ਨੂੰ ਅੰਜਾਮ ਦੇਣ ਤੋਂ ਬਾਅਦ ਗੁਰਮੀਤ ਸਿੰਘ ਉਰਫ ਰਾਜੂ ਉਕਤ ਪਾਸ ਠਹਿਰ ਕਰਦੇ ਹਨ ਅਤੇ ਚੋਰੀਸ਼ੁਦਾ ਸਮਾਨ (ਮੋਬਾਇਲ ਫੋਨ ਆਦਿ) ਅੱਗੇ ਵੇਚਣ ਲਈ ਵੀ ਗੁਰਮੀਤ ਸਿੰਘ ਉਰਫ ਰਾਜੂ ਉਕਤ ਪਾਸ ਹੀ ਰੱਖਦੇ ਹਨ। ਉਕਤਾਨ ਮੁਕੱਦਮਿਆਂ ਵਿੱਚ ਨਾਮਜਦ ਇਹਨਾਂ ਦੇ ਸਾਥੀ ਦੋਸ਼ੀ ਗੁਨੂੰ ਰਾਮ ਉਕਤ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।ਜਿਸ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਦੋਸੀਆਨ ਉਕਤਾਨ ਨੂੰ ਕੱਲ ਮਾਨਯੋਗ ਅਦਾਲਤ ਵਿੱਚ ਪੇਸ ਕਰਕੇ ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ। ਜਿਨਾਂ ਪਾਸੋ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਜਿਸ ਤੋਂ ਹੋਰ ਵਾਰਦਾਤਾਂ ਸਬੰਧੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਬ੍ਰਾਮਦਗੀ : ਇੱਕ ਮੋਟਰਸਾਇਕਲ ਪਲੈਟਿਨਾ ਨੰਬਰੀ PB31N-8922, 01 ਲੋਹਾ ਰਾਡ, 02 ਮੋਬਾਇਲ ਫੋਨ, 01 ਕਿਰਪਾਨ ਅਤੇ 01 ਡੰਡੀ ਨਲਕਾ।**

**ਗ੍ਰਿਫਤਾਰ ਕੀਤੇ ਵਿਅਕਤੀ :**

1. ਹਰਵਿੰਦਰ ਸਿੰਘ ਉਰਫ ਮੋਟਾ ਪੁੱਤਰ ਸਿਵਰਾਜ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਉਮਰ ਕਰੀਬ 20 ਸਾਲ

2. ਗੁਰਵਿੰਦਰ ਸਿੰਘ ਉਰਫ ਡੈਵਿਲ ਪੁੱਤਰ ਜ਼ਸਵੀਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਉਮਰ ਕਰੀਬ 20 ਸਾਲ

3. ਹਰਜਿੰਦਰ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਉਮਰ ਕਰੀਬ 32 ਸਾਲ

4. ਗੁਰਮੀਤ ਸਿੰਘ ਉਰਫ ਰਾਜੂ ਪੁੱਤਰ ਬਿੱਲੂ ਵਾਸੀ ਕਾਲਿਆਂਵਾਲੀ ਜਿਲ੍ਹਾ ਸਿਰਸਾ ਹਰਿਆਣਾ ਉਮਰ ਕਰੀਬ 28 ਸਾਲ

**ਗ੍ਰਿਫਤਾਰ ਕੀਤੇ ਵਿਅਕਤੀ :**

1. ਹਰਵਿੰਦਰ ਸਿੰਘ ਉਰਫ ਮੋਟਾ ਪੁੱਤਰ ਸਿਵਰਾਜ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਉਮਰ ਕਰੀਬ 20 ਸਾਲ

2. ਗੁਰਵਿੰਦਰ ਸਿੰਘ ਉਰਫ ਡੈਵਿਲ ਪੁੱਤਰ ਜ਼ਸਵੀਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਉਮਰ ਕਰੀਬ 20 ਸਾਲ

3. ਹਰਜਿੰਦਰ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ ਉਮਰ ਕਰੀਬ 32 ਸਾਲ

4. ਗੁਰਮੀਤ ਸਿੰਘ ਉਰਫ ਰਾਜੂ ਪੁੱਤਰ ਬਿੱਲੂ ਵਾਸੀ ਕਾਲਿਆਂਵਾਲੀ ਜਿਲ੍ਹਾ ਸਿਰਸਾ ਹਰਿਆਣਾ ਉਮਰ ਕਰੀਬ 28 ਸਾਲ

**ਦੋਸ਼ੀਆਨ ਪਰ ਪਹਿਲਾਂ ਦਰਜ ਮੁਕੱਦਮੇ :**

1. ਗੁਰਵਿੰਦਰ ਸਿੰਘ ਉਰਫ ਡੈਵਿਲ ਪੁੱਤਰ ਜ਼ਸਵੀਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਜੱਜਲ ਜਿਲ੍ਹਾ ਬਠਿੰਡਾ

   ਮੁਕੱਦਮਾ ਨੰਬਰ 64 ਮਿਤੀ 23.05.2023 ਅ/ਧ:458,323,120B,34,411 IPC ਥਾਣਾ ਰਾਮਾਂ

   - ਬਠਿੰਡਾ ਜੇਲ੍ਹ ਜਾਣ ਅੰਦਰ ਜਾਣ ਦੀ ਮਿਤੀ - 10.07.2023
   - ਬਠਿੰਡਾ ਜੇਲ੍ਹ ਵਿੱਚੋਂ ਬਾਹਰ ਆਉਣ ਦੀ ਮਿਤੀ - 06.09.2023

ਇਸ ਤੋਂ ਇਲਾਵਾ ਸੀ.ਆਈ.ਏ ਸਟਾਫ-2 ਬਠਿੰਡਾ ਦੀ ਟੀਮ ਨੇ ਦੌਰਾਨੇ ਗਸ਼ਤ ਅਤੇ ਚੈਕਿੰਗ ਥਾਣਾ ਸੰਗਤ ਅਧੀਨ ਪੈਂਦੇ ਡੱਬਵਾਲੀ-ਬਠਿੰਡਾ ਮੇਨ ਰੋਡ ਪਰ ਸਥਿਤ ਮਾਨ ਢਾਬੇ ਤੋਂ ਨਵਾਜਿਸ ਆਲਮ ਪੁੱਤਰ ਰਜਾਕ ਵਾਸੀ ਪਿੰਡ ਗੋਗਰ ਜਿਲ੍ਹਾ ਪੁਰਨੀਆ ਸਟੇਟ ਬਿਹਾਰ ਨੂੰ ਕਾਬੂ ਕਰਕੇ ਇਸ ਦੇ ਕਬਜਾ ਵਿੱਚੋ ਇੱਕ ਢੋਲ ਜਿਸ ਵਿੱਚ 200 ਲੀਟਰ ਡੀਜਲ, ਬ੍ਰਾਮਦ ਕਰਵਾਇਆ। ਜਿਸ ਸਬੰਧੀ ਮੁੱਖਬਰੀ ਪਰ ਦੋਸ਼ੀ ਨਵਾਜਿਸ ਆਲਮ ਉਕਤ ਖਿਲਾਫ **ਪਹਿਲਾਂ ਹੀ ਮੁਕੱਦਮਾ ਨੰਬਰ ਮਿਤੀ 01.01.2023 ਅ/ਧ:379,411, ਭਾ.ਦੰ. ਥਾਣਾ ਸੰਗਤ** ਵਿਖੇ ਦਰਜ ਰਜਿਸਟਰ ਕਰਵਾਇਆ ਗਿਆ ਸੀ। ਮੁਕੱਦਮਾ ਉਕਤ ਦੇ ਦੋਸ਼ੀ ਨਵਾਜਿਸ ਆਲਮ ਨੂੰ ਅੱਜ ਪੇਸ਼ ਅਦਾਲਤ ਕੀਤਾ ਜਾਵੇਗਾ। ਜਿਸ ਪਾਸੋਂ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਮੁਕੱਦਮਾ ਨੰਬਰ ਮਿਤੀ 01.01.2023 ਅ/ਧ:379,411,420 ਭਾ.ਦੰ. ਥਾਣਾ ਸੰਗਤ

ਬ੍ਰਾਮਦਗੀ : ਇੱਕ ਢੋਲ ਜਿਸ ਵਿੱਚ 200 ਲੀਟਰ ਡੀਜਲ

ਗ੍ਰਿਫਤਾਰ ਕੀਤੇ ਵਿਅਕਤੀ :

1. ਨਵਾਜਿਸ ਆਲਮ ਪੁੱਤਰ ਰਜਾਕ ਵਾਸੀ ਪਿੰਡ ਗੋਗਰ ਜਿਲ੍ਹਾ ਪੁਰਨੀਆ ਸਟੇਟ ਬਿਹਾਰ ਹਾਲ ਅਬਾਦ
   ਉਮਰ ਕਰੀਬ 19 ਸਾਲ, ਕੁਆਰਾ ਹੈ, ਵਿਹਲਾ ਹੈ,

ਦੋਸ਼ੀ ਪਰ ਪਹਿਲਾਂ ਦਰਜ ਮੁਕੱਦਮੇ : ਕੋਈ ਨਹੀਂ